



Scanned with OKEN Scanner

ਦੋਮਾਸਿਕ

# ਸ਼ੀਰਾਜ਼ਾ

ਮਈ-ਜੂਨ 2020


ਮੁੱਖ ਸੰਪਾਦਕ

ਮੁਨੀਰ-ਉਲ-ਇਸਲਾਮ

ਸੰਪਾਦਕ

ਪੋਪਿੰਦਰ ਸਿੰਘ ਪਾਰਸ



ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ



2/161

Scanned with OKEN Scanner

**Sheeraza** R.N. No. 28873/76 May-June, 2020
(Punjabi)

| ਸਾਲ : 51 | ਅੰਕ : 4 | ਕੁਲ ਅੰਕ : 220 |
|---|---|---|

*Editor-in-chief*
**Munir-ul-Islam**

*Editor*
**Popinder Singh Paras**

ਸੰਪਾਦਕ ਜਾਂ ਪ੍ਰਕਾਸ਼ਕ ਦਾ ਰਚਨਾਵਾਂ ਵਿੱਚ ਵਿਅਕਤ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਮੋਬਾਇਲ : 9906977731

| | | |
|---|---|---|
| ਪ੍ਰਕਾਸ਼ਕ | : | ਸੈਕਰੇਟਰੀ, ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ– 180 001 |
| *Publisher* | : | **Secretary, J&K Academy of Art, Culture and Languages JAMMU- 180 001** |
| ਛਾਪਕ | : | ਕਲਾਸਿਕ ਪ੍ਰਿੰਟਰਜ਼, ਨੈਸ਼ਨਲ ਹਾਈਵੇ, ਬੜੀ ਬ੍ਰਾਹਮਣਾ, ਜੰਮੂ<br>ਦੂਰਭਾਸ਼ — (01923)-220243, 94191-49293 |
| ਮੁੱਲ | : | ਦਸ ਰੁਪਏ |
| ਵਾਰਸ਼ਕ | : | 50 ਰੁਪਏ |

3/161

Scanned with OKEN Scanner

# ਤਤਕਰਾ


- ਆਲੇਖ
    - ਪੰਜਾਬੀ ਭਾਸ਼ਾ : ਵਰਤਮਾਨ ਦ੍ਰਿਸ਼ ਅਤੇ ਦ੍ਰਿਸ਼ਟੀ (ਰੂਪ ਪਰਿਵਰਤਨ ਦੇ ਵਿਸ਼ੇਸ਼ ਸੰਦਰਭ ਵਿਚ)/ *ਡਾ. ਮਨਜਿੰਦਰ ਸਿੰਘ/1*
    - ਵਿਲੱਖਣ ਕਹਾਣੀ ਸਿਰਜਣ ਪ੍ਰਕਿਰਿਆ ਦਾ ਉਸਤਾਦ : ਹਰਭਜਨ ਸਾਗਰ/*ਡਾ. ਕਮਲ ਦੀਪ ਸਿੰਘ/8*
    - ਨਾਰੀਵਾਦ ਤੇ ਆਧੁਨਿਕ ਔਰਤ/*ਚੰਨਪ੍ਰੀਤ ਕੌਰ, ਡਾ. ਬਲਜੀਤ ਕੌਰ/22*
    - ਸ਼ਿਵ ਕੁਮਾਰ ਬਟਾਲਵੀ ਤੇ ਮਨਜੀਤਪਾਲ ਦੀ ਨਾਰੀਵਾਦੀ ਦ੍ਰਿਸ਼ਟੀ (ਕਾਵਿ ਨਾਟ 'ਲੂਣਾ' ਤੇ 'ਸੁੰਦਰਾਂ' ਦੇ ਆਧਾਰ 'ਤੇ)/*ਰਮਨਦੀਪ ਕੌਰ/28*
    - ਪੰਜਾਬੀ ਚਿੰਤਨ ਪਰੰਪਰਾ : ਦ੍ਰਿਸ਼ਟੀ ਤੇ ਪਾਸਾਰ/*ਡਾ. ਅਮਰਜੀਤ ਸਿੰਘ/33*
    - ਗੁਰਬਾਣੀ ਦਾ ਉਰਦੂ/ਫ਼ਾਰਸੀ ਲਿਪੀਅੰਤਰਣ : ਸੁਰ-ਸਥਿਤੀਆਂ ਦਾ ਮੁਲਾਂਕਣ ('ਜਪੁ' ਬਾਣੀ ਦੇ ਵਿਸ਼ੇਸ਼ ਹਵਾਲੇ ਨਾਲ)/*ਅਮਰੀਕ ਸਿੰਘ/45*
    - ਕਰਤਾਰ ਸਿੰਘ ਦੁੱਗਲ ਦੀਆਂ ਕਹਾਣੀਆਂ ਵਿਚ ਸਮਾਜਕ ਯਥਾਰਥ/*ਡਾ. ਤਰਨਜੀਤ ਕੌਰ/56*
    - ਮਨਮੋਹਨ-ਕਾਵਿ ਵਿੱਚ ਪੇਸ਼ ਵਾਤਸਲ-ਪਿਆਰ ਪ੍ਰਤਿ ਹੁੰਗਾਰੇ ਦਾ ਅਧਿਐਨ/*ਗੁਰਪ੍ਰੀਤ ਸਿੰਘ/62*
    - ਲੋਕ ਗੀਤਾਂ ਦਾ ਵਹਿੰਦਾ ਦਰਿਆ/*ਡਾ. ਮਮਤਾ ਰਾਣੀ/76*
    - ਸੱਚੇ ਵੈਰਾਗ ਦੀ ਸੁਰਜੀਤੀ ਦਾ ਸੰਚਾਰਾਤਮਕ ਸਰੂਪ : ਰਾਗੁ ਵਡਹੰਸੁ ਮਹਲਾ ੧ ਘਰੁ ੫ ਅਲਾਹਣੀਆ/*ਸੰਦੀਪ ਕੌਰ/82*
    - ਭਗਤਾਂ ਦੀ ਬਾਣੀ ਵਿਚ ਸਹਜ ਦਾ ਸੰਕਲਪ/*ਸੁਨੀਲ ਕੁਮਾਰ/97*
- ਕਹਾਣੀਆਂ
    - ਰਿੱਛ/*ਬਲਜੀਤ ਸਿੰਘ ਰੈਨਾ/102*
    - ਮਗਰਮੱਛ/*ਜੋਗਿੰਦਰ ਸਿੰਘ ਨਿਰਾਲਾ/110*
    - ਗਵਾਚੀਆਂ ਰੁੱਤਾਂ/*ਕਰਨ ਸਿੰਘ ਤਾਲਿਬ/116*
- ਨਾਟਕ
    - ਪੋਹ ਦੀ ਪੁੰਨਿਆ/*ਦੇਵਿੰਦਰ ਸਿੰਘ ਵਿਸ਼ਵਨਾਗਰਿਕ/121*
- ਕਾਵਿ-ਰੂਪ
    - ਗ਼ਜ਼ਲ/*ਸੁਰਜੀਤ ਕੌਰ ਸਖੀ/140*
    - ਗ਼ਰੀਬ ਦੇ ਹੱਕ ਵਿੱਚ ਨਾ ਖੜੀ ਹੋਵੇ ਕਵਿਤਾ/*ਡਾ. ਮੋਹਨਜੀਤ/142*
    - ਨਿਰਲੇਪ/*ਇੰਦ੍ਰਪਾਲ/143*
    - ਗ਼ਜ਼ਲ/*ਬਲਵਿੰਦਰ ਬਾਲਮ/145*
    - ਸਭ ਖ਼ਾਬ ਹੈ ਲਗਦਾ.../*ਮੰਗਤ ਸਿੰਘ ਜੁਗਨੂੰ/146*
    - ਮਜ਼ਦੂਰ ਦਿਵਸ ਨੂੰ ਸਮਰਪਿਤ/*ਡਾ. ਸਨੋਬਰ ਚਿੱਬ/149*
    - ਉਹ ਤੂੰ ਤਾਂ ਨਹੀਂ/ਯਾਦਾਂ ਪਰਤੀਆਂ/*ਅਮਰਜੀਤ ਕੌਰ ਨੀਰ/152*
    - ਪੱਥਰ/*ਗੁਰਨਾਮ ਸਿੰਘ ਅਰਸ਼ੀ/153*
    - ਤੇਰੇ ਕਰਕੇ/*ਬਲਜੀਤ ਘੋਲੀਆ/155*




Scanned with OKEN Scanner

# ਨਾਰੀਵਾਦ ਤੇ ਆਧੁਨਿਕ ਔਰਤ

❑ ਚੰਨਪ੍ਰੀਤ ਕੌਰ
ਡਾ. ਬਲਜੀਤ ਕੌਰ

ਅਸੀਂ ਸਾਰੇ 'ਅੰਤਰਰਾਸ਼ਟਰੀ ਔਰਤ ਦਿਵਸ' ਹਰ ਸਾਲ ਮਨਾਉਂਦੇ ਹਾਂ। ਸੋਸ਼ਲ ਡੈਮੋਕਰੈਟਿਕ ਪਾਰਟੀ, ਜਰਮਨੀ ਲੀਡਰ ਕਲਾਰਾ ਜ਼ੈਟਲਿਨ ਨੇ 1910 ਵਿਚ ਇਕ ਅੰਤਰਰਾਸ਼ਟਰੀ ਕਾਨਫ੍ਰੰਸ ਜੋ ਕਿ ਕੋਪਨਹੈਗਨ ਵਿਚ ਹੋਈ, "ਅੰਤਰਰਾਸ਼ਟਰੀ ਔਰਤ ਦਿਵਸ" ਦਾ ਵਿਚਾਰ ਰੱਖਿਆ, ਜਿਸਨੂੰ ਕਬੂਲ ਵੀ ਕਰ ਲਿਆ ਗਿਆ। ਪਹਿਲਾਂ ਇਸ ਦਿਨ ਨੂੰ ਮਨਾਉਣ ਲਈ 1911 ਵਿਚ 19 ਮਾਰਚ ਦਾ ਦਿਨ ਮਿੱਥਿਆ ਗਿਆ ਸੀ ਤੇ ਬਾਅਦ ਵਿਚ ਕੁੱਝ ਕਾਰਨਾਂ ਕਰਕੇ ਇਸ ਨੂੰ ਬਦਲ ਕੇ 8 ਮਾਰਚ ਦਾ ਦਿਨ ਅੰਤਰਰਾਸ਼ਟਰੀ ਔਰਤ ਦਿਵਸ ਨਾਲ ਮਨਾਉਣਾ ਸ਼ੁਰੂ ਕਰ ਦਿੱਤਾ ਗਿਆਪਰ ਕੀ ਅਸੀਂ ਇਸਦੇ ਸਹੀ ਅਰਥਾਂ ਨੂੰ ਸਮਝ ਸਕੇ ਹਾਂ ਜਾਂ ਸਿਰਫ ਉਸਦਾ ਅੰਧਾਧੁੰਦ ਢੰਡੋਰਾ ਹੀ ਪਿੱਟੀ ਜਾ ਰਹੇ ਹਾਂ।

ਮਨੁੱਖ ਜਾਤੀ ਕੁਦਰਤ ਵਲੋਂ ਹੀ ਲਿੰਗਕ ਆਧਾਰ 'ਤੇ ਦੋ ਮੁੱਖ ਵਰਗਾਂ ਵਿਚ ਵੰਡੀ ਹੋਈ ਹੈ:- ਨਰ ਅਤੇ ਨਾਰੀ। ਔਰਤ ਕੁਦਰਤ ਦੀ ਸਭ ਤੋਂ ਵੱਡੀ ਸ਼ਾਹਕਾਰ ਰਚਨਾ ਹੈ ਜੋ ਨਾ ਕੇਵਲ ਆਪਣੀ ਸੁੰਦਰਤਾ ਕਰਕੇ ਜਾਣੀ ਜਾਂਦੀ ਹੈ, ਸਗੋਂ ਰੱਬ ਨੇ ਉਸਨੂੰ ਪਿਆਰ ਅਤੇ ਜਜ਼ਬਿਆਂ ਨਾਲ ਵੀ ਭਰਪੂਰ ਕੀਤਾ ਹੈ ਜਿਸ ਸਦਕਾ ਉਹ ਪਾਰਿਵਾਰਿਕ ਤੇ ਸਮਾਜਿਕ ਤੌਰ ਤੇ ਇਕ ਖ਼ੁਸ਼ਹਾਲ ਮਾਹੌਲ ਨੂੰ ਸਿਰਜ ਸਕੇ।

ਔਰਤ ਨੂੰ ਜਗ-ਜਨਣੀ, ਮਾਤਾ, ਗ੍ਰਹਿ ਲੱਛਮੀ ਅਤੇ ਦੇਵੀ ਆਦਿ ਕਈ ਨਾਵਾਂ ਨਾਲ ਜਾਣਿਆਂ ਜਾਂਦਾ ਹੈ, ਇਥੋਂ ਤੱਕ ਕਿ ਛੋਟੀ ਕੁੜੀਆਂ ਨੂੰ ਕੰਜਕਾਂ ਦੇ ਰੂਪ ਵਿਚ ਵੀ ਪੂਜਿਆ ਜਾਂਦਾ ਹੈ। ਔਰਤ ਦੀ ਕੁੱਖੋਂ ਮਹਾਨ ਗੁਰੂਆਂ, ਪੀਰਾਂ, ਪੈਗੰਬਰਾਂ, ਸ਼ੂਰਬੀਰਾਂ ਅਤੇ ਯੋਧਿਆਂ ਨੇ ਜਨਮ ਲਿਆ ਹੈ। ਇਹ ਔਤਰ ਹੀ ਹੈ ਜੋ ਇੱਟਾ ਨਾਲ ਸੰਜੋਏ ਮਕਾਨ ਨੂੰ ਪਿਆਰ ਤੇ ਆਪਸੀ ਸਹਿਯੋਗ ਨਾਲ ਘਰ-ਸੰਸਾਰ ਵਿਚ ਤਬਦੀਲ ਕਰਦੀ ਹੈ। ਇਹ ਨਾ ਸਿਰਫ ਇਕ ਘਰ ਨੂੰ ਬਣਾਉਂਦੀ ਹੈ, ਸਗੋਂ ਇਕ ਸੱਭਯ ਸਮਾਜ ਦੀ ਸਿਰਜਣਾ ਵਿਚ ਵੀ ਆਪਣਾ ਯੋਗਦਾਨ ਪਾਉਂਦੀ ਹੈ। ਕਿਹਾ ਜਾਂਦਾ ਹੈ ਕਿ ਇਕ ਕਾਮਯਾਬ ਮਰਦ ਦੀ ਤੱਰਕੀ ਦੇ ਪਿੱਛੇ ਇਕ ਔਰਤ ਦਾ ਵੀ ਬਹੁਤ ਵੱਡਾ ਯੋਗਦਾਨ ਹੁੰਦਾ ਹੈ, ਚਾਹੇ ਫਿਰ ਉਹ ਕਿਸੇ ਵੀ ਰੂਪ ਮਾਂ, ਬੇਟੀ, ਪਤਨੀ, ਪ੍ਰੇਮਿਕਾ ਅਤੇ ਦੋਸਤ ਵਿਚ ਹੀ ਕਿਉਂ ਨਾ ਹੋਵੇ। ਇਸ ਗੱਲ ਤੇ ਕੋਈ ਸ਼ੱਕ ਨਹੀਂ ਕਿ ਜੇਕਰ ਦੁਨਿਆਂ ਵਿਚ ਔਰਤ ਦਾ ਕੋਈ ਵਜੂਦ (Existence) ਨਾ ਹੁੰਦਾ ਤਾਂ ਮਰਦ ਦੀ ਵੀ ਕੋਈ ਹੈਸਿਅਤ ਨਾ ਹੁੰਦੀ ਭਾਵ ਔਰਤ ਤੇ ਮਰਦ ਇਕ ਦੂਜੇ ਤੋਂ ਬਿਨ੍ਹਾਂ ਮੁਕੰਮਲ ਨਹੀਂ ਹੁੰਦੇ। ਸ਼ਾਇਦ ਅਗਰ ਔਰਤ

*ਖੋਜਾਰਥੀ ਜੰਮੂ ਯੂਨਿਵਰਸਿਟੀ ਜੰਮੂ ਮੋ. 700690293*



Scanned with OKEN Scanner

ਨਾ ਹੁੰਦੀ ਤਾਂ ਮਰਦ ਜੰਗਲਾਂ ਅਤੇ ਪਹਾੜਾਂ 'ਚ ਜਾਨਵਰਾਂ ਨਾਲ ਰਹਿ ਕੇ ਹੀ ਸਾਰੀ ਜ਼ਿੰਦਗੀ ਗੁਜ਼ਾਰ ਦਿੰਦਾ ਅਤੇ ਸਮਾਜਿਕ ਜੀਵਨ ਤੋਂ ਵਾਂਝਾ ਹੀ ਰਹਿ ਜਾਂਦਾ।

ਪਰ ਜਦੋਂ ਅਸੀਂ ਇਤਿਹਾਸ ਪੜ੍ਹਦੇ ਹਾਂ ਤਾਂ ਲਗਦਾ ਹੈ ਕਿ ਵਿਕਾਸ ਦੇ ਵੱਖੋਂ-ਵੱਖ ਪੜ੍ਹਾਵਾਂ ਅਤੇ ਉਤਪਾਦਨ ਦੇ ਸਾਧਨਾਂ ਉਤੇ ਮਰਦ ਦਾ ਅਧਿਕਾਰ ਹੋਣ ਅਤੇ ਨਿੱਜੀ ਜਾਇਦਾਦਦੀ ਸੰਸਥਾ ਦੇ ਹੋਂਦ ਵਿਚ ਆਉਣ ਕਰਕੇ ਔਰਤ ਅਤੇ ਮਰਦ ਵਿਚਕਾਰ ਸੰਬੰਧਾਂ 'ਚ ਤਕਰਾਰ ਸ਼ੁਰੂ ਹੋ ਗਈ, ਜਿਸ ਕਰਕੇ ਔਰਤ ਦੀ ਸਥਿਤੀ ਹਾਸ਼ੀਏ ਤੇ ਆ ਗਈ। ਸਮਾਜ ਮਰਦ- ਪ੍ਰਧਾਨ ਸਮਾਜ ਵਿਚ ਤਬਦੀਲ ਹੋ ਗਿਆ। ਸਗੋਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਮਨੁੱਖੀ ਸਮਾਜ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਵੀ ਔਰਤ ਕਿਸੇ ਨਾ ਕਿਸੇਮਰਦ ਦੇ ਅਧੀਨ ਸੀ।

ਰੋਮ, ਯੂਨਾਨ ਅਤੇ ਭਾਰਤ ਆਦਿ ਦੇਸ਼ਾਂ ਵਿਚ ਸਭਿਅਤਾ ਦਾ ਵਿਕਾਸ ਹੋਰਨਾਂ ਦੇਸ਼ਾਂ ਦੇ ਮੁਕਾਬਲੇ ਪਹਿਲਾਂ ਹੋਇਆ ਹੈ। ਜਦੋਂ ਅਸੀਂ ਪੁਰਾਣੇ ਸਮੇਂ ਵਿਚ ਨਾਰੀ ਦੀ ਸਥਿਤੀ ਬਾਰੇ ਜਾਣਕਾਰੀ ਇੱਕਤਰ ਕਰਦੇ ਹਾਂ ਤਾਂ ਪਤਾ ਲਗਦਾਹੈ ਕਿ ਪੁਰਸ਼-ਪ੍ਰਧਾਨ ਸਮਾਜ ਹੋਣ ਕਰਕੇ ਅਜਿਹੇ ਰਿਵਾਜ ਅਤੇ ਕਾਨੂੰਨ ਬਣੇ ਹੋਏ ਸੀ ਜੋ ਨਾਰੀ ਦੀ ਦਾਸਤਾਂ(ਦਾਸਤਾਨ) ਦੇ ਸੂਚਕ ਵੀ ਹਨ ਅਤੇ ਇਸਦੀ ਪੁਸ਼ਟੀ ਵੀ ਕਰਦੇ ਹਨ।

ਹਿੰਦੂ ਸਮਾਜ ਵਿਚ ਭਾਵੇਂ ਔਰਤ ਦੀ ਸਥਿਤੀ ਆਦਮੀ ਦੇ ਮੁਕਾਬਲੇ ਨੀਵੀਂ ਤੇ ਦੂਜੈਲੀ ਰਹੀ ਹੈ ਪਰ ਆਰੀਆ ਸਭਿਆਚਾਰ ਤੋਂ ਪਹਿਲਾਂ ਵੀ ਸਥਿਤੀ ਮਰਦ ਦੇ ਬਰਾਬਰ ਹੀ ਨਹੀਂ ਸਗੋਂ ਮਾਣ ਵਾਲੀ ਵੀ ਸੀ। ਉਹ ਸ਼ਾਸਤ੍ਰ ਤੇ ਸ਼ਸਤ੍ਰ ਦੋਹਾਂ ਖੇਤਰਾਂ ਵਿਚ ਮਰਦ ਦੇ ਬਰਾਬਰ ਹੱਕ ਰੱਖਦੀ ਸੀ।

ਨਾਰੀ ਦੀ ਪੁਰਸ਼ ਦੇ ਮੁਕਾਬਲੇ ਵਿਚ ਦੀਨ-ਹੀਨ ਸਥਿਤੀ ਦਾ ਸਭ ਤੋਂ ਵੱਡਾ ਪ੍ਰਮਾਣ ਭਾਰਤ ਦੀ ਲੋਕਧਾਰਾ ਵਿਚ ਮਿਲਦਾ ਹੈ ਕਿਉਂਕਿ ਭਾਰਤ ਵਿਚ ਅੱਜ ਵੀ ਔਰਤਾਂ ਸੁਹਾਗ ਦੀ ਲੰਬੀ ਉਮਰ, ਖੁਸ਼ਹਾਲੀ ਅਤੇ ਸਿਹਤਮੰਦ ਸੰਤਾਨ ਦੀ ਚਾਹ ਤੇ ਪ੍ਰਾਪਤੀ ਲਈ ਵਰਤ ਰੱਖਦੀਆਂ ਹਨ, ਜੋ ਕਿਸੇ ਦਬਾਹ ਕਰਕੇ ਨਹੀਂ ਸਗੋਂ ਪੰਰਪਰਾਗਤਤੌਰ ਤੇ ਉਨ੍ਹਾਂ ਦੇ ਮਨ ਵਿਚ ਹੀ ਇਸਦੇ ਸੁਖਦਾਈ ਸੰਕਲਪ ਨੂੰ ਬਿਠਾਇਆ ਗਿਆ ਹੈ। ਇਥੋਂ ਤੱਕ ਕਿ ਲੋਕਗੀਤਾਂ ਵਿਚ ਵੀ ਜਦੋਂ ਕੋਈ ਕੁੰਵਾਰੀ ਕੁੜੀ ਬਾਬਲ ਨੂੰ ਉਸਦੇ ਲਈ ਰਾਮ ਵਰ ਲੱਭਣ ਲਈ ਅਤੇ ਰੱਖੜੀ ਦੇ ਤਿਉਹਾਰ ਤੇ ਵੀਰ ਕੋਲੋਂ ਰੱਖਿਆ ਦਾ ਬਚਨ ਲੈਂਦੀ ਹੈ ਤਾਂ ਉਹ ਸਿੱਧੇ ਅਸਿੱਧੇ ਤੌਰ ਤੇ ਪੁਰਸ਼ ਦੀ ਅਧੀਨਗੀ ਨੂੰ ਸਵੀਕਾਰ ਕਰਦੀ ਹੈ। ਇਥੋਂ ਤੱਕ ਕਿ ਬੁੱਡ-ਸੁਹਾਗਣ ਹੋਵੇ, ਸੱਤ ਪੁੱਤੀ ਹੋਵੇ ਆਦਿ ਅਸੀਸਾਂ ਵਿਚ ਵੀ ਪੁਰਸ਼ ਦੀ ਪ੍ਰਧਾਨਤਾ ਨਜਰ ਆਉਂਦੀ ਹੈ।

ਪਰੰਤੂ ਕਈ ਨਵੇਂ ਚਿੰਤਕ ਇਨ੍ਹਾਂ ਸਾਰੇ ਸਿਧਾਂਤਾਂ ਤੇ ਦਲੀਲਾਂ ਦਾ ਖੰਡਨ ਕਰਦੇ ਕਹਿੰਦੇ ਹਨ ਕਿ ਔਰਤ ਨੂੰ ਮਰਦ ਦੇ ਮੁਕਾਬਲੇ ਕਮਜ਼ੋਰ ਜਾਂ ਨਿਗੁਣੀ ਸਮਝਣ ਦਾ ਕਾਰਨ, ਉਥੋਂ ਦੀ ਸਮਾਜਿਕ ਬਣਤਰ ਹੈ ਜਿਸ ਵਿਚ ਉਹ ਰਹਿੰਦੀ ਹੈ। ਔਰਤ ਪ੍ਰਤੀ ਸਮਾਜ ਦੇ ਵਿਹਾਰ ਵਿਚ ਕੁੱਝ ਗਲਤ ਜ਼ਰੂਰ ਹੈ, ਇਸ ਧਾਰਨਾ ਵਿਚੋਂ ਹੀ "ਨਾਰੀਵਾਦ" ਦਾ ਜਨਮ ਹੋਇਆ।

'ਨਾਰੀਵਾਦ' ਅੱਜ ਦੇ ਯੁਗ ਦੀ ਇਕ ਮੱਹਤਵਪੂਰਨ ਵਿਚਾਰਧਾਰਾ ਵੀ ਹੈ ਅਤੇ ਇਕ ਅੰਦੋਲਨ ਵੀ। ਇਹ ਸ਼ਬਦ ਅੰਗਰੇਜ਼ੀ ਸ਼ਬਦ Feminism ਦਾ ਪਰਿਆਇਵਾਚੀ ਹੈ ਜੋ Lating ਦੇ Femina (Women) ਤੋਂ ਆਇਆ ਹੈ ਜਿਸਦਾ ਮੂਲ ਅਰਥ ਹੈ 'ਔਰਤਾਂ ਦਾ ਗੁਣ ਰੱਖਣਾ'।



Scanned with OKEN Scanner

Encyclopedia Britanica ਅਨੁਸਾਰ, "ਨਾਰੀਵਾਦ ਇਕ ਅਜਿਹੀ ਧਾਰਨਾ ਹੈ ਜਿਸਦਾ ਜਨਮ ਥੋੜੇ ਸਮੇਂ ਤੋਂ ਹੋਇਆ ਹੈ। ਇਹ ਧਾਰਨਾ ਉਨ੍ਹਾਂ ਉਦੇਸ਼ਾਂ ਤੇ ਵਿਚਾਰਾਂ ਦੀ ਪ੍ਰਤੀਨਿਧਤਾ ਕਰਦੀ ਹੈ ਜਿਹੜੇ ਇਸਤਰੀਆਂ ਦੇ ਅਧਿਕਾਰਾਂ ਦੇ ਪੱਖ ਵਿਚ ਚਲਾਏ ਗਏ ਅੰਦੋਲਨ ਦੇ ਨਾਲ ਸੰਬੰਧਿਤ ਹਨ।"

ਨਾਰੀਵਾਦ ਸ਼ਬਦ ਦੀ ਸਭ ਤੋਂ ਪਹਿਲਾਂ ਵਰਤੋਂ 1880 ਵਿਆਂ ਵਿਚ ਅੰਗਰੇਜ਼ੀ ਭਾਸ਼ਾ ਵਿਚ ਹੋਈ ਜਿਹੜੀ ਔਰਤ ਦੇ ਮਰਦ ਸਮਾਨ ਕਾਨੂੰਨੀ, ਰਾਜਨੀਤਿਕ ਅਧਿਕਾਰਾਂ ਦੀ ਹਿਮਾਇਤ ਕਰਦੀ ਹੈ ਪਰ ਸਮੇਂ ਸਮੇਂ ਅਨੁਸਾਰ ਇਸਦੇ ਅਰਥਾਂ ਵਿਚ ਪਰਿਵਰਤਨ ਤੇ ਬਹਿਸ ਜਾਰੀ ਰਹੀ। ਇਸ ਅੰਦੋਲਨ ਬਾਰੇ ਕੁਝ ਗਲਤ ਕਿਸਮ ਦੀਆਂ ਧਾਰਨਾਵਾਂ ਵੀ ਪ੍ਰਚਲਿੱਤ ਹਨ ਜਿਵੇਂ ਕਿ ਕਿਹਾ ਜਾਂਦਾ ਹੈ ਕਿ ਇਹ ਮਰਦ ਵਿਰੁੱਧ ਅੰਦੋਲਨ ਹੈ, ਇਸ ਲਈ ਇਹ ਮਰਦ-ਵਿਰੋਧੀ ਹੈ। ਜਦਕਿ ਇਹ ਪੂਰਨ ਰੂਪ ਵਿਚ ਗਲਤ ਹੈ ਕਿਉਂਕਿ ਨਾਰੀਵਾਦ ਉਸ ਪ੍ਰੰਪਰਿਕ ਅਤੇ ਪਿੱਤਰ ਪ੍ਰਧਾਨ ਸਮਾਜ ਵਿਵਸਥਾ ਦਾ ਵਿਰੋਧੀ ਹੈ ਜੋ ਕਿ ਔਰਤ ਨੂੰ ਇਕ ਵਿਅਕਤੀ ਦੀ ਥਾਂ ਇਕ ਵਸਤੂ ਵਜੋਂ ਘਟਾਉਂਦੀ ਹੈ।

ਅਗਸਤ ਬੈਲ ਅਨੁਸਾਰ, "Women is not a subject, she is an object, which man uses and abuses as a thing is used and abused."

ਨਾਰੀਵਾਦੀ ਦ੍ਰਿਸ਼ਟੀ ਦੀ ਬੁਨਿਆਦੀ ਧਾਰਨਾ ਇਹ ਹੈ ਕਿ ਔਰਤ ਪੈਦਾ ਨਹੀਂ ਹੁੰਦੀ ਸਗੋਂ ਉਸਨੂੰ ਬਣਾਇਆ ਜਾਂਦਾ ਹੈ। ਇਸ ਲਈ ਇਹ ਦ੍ਰਿਸ਼ਟੀਪਿਤਰੀ ਸਮਾਜ ਦੀਆਂ ਉਨ੍ਹਾਂ ਸਾਰੀਆਂ ਨੀਤੀਆਂ, ਰੀਤੀਆਂ, ਮੁੱਲਾਂ, ਮਾਨਤਾਵਾਂ, ਵਿਧੀਆਂ, ਵਿਚਾਰਧਾਰਾਵਾਂ ਦੇ ਸੰਗਠਿਤ ਪ੍ਰਪੰਚ ਦੇ ਵਿਰੋਧ ਦੀ ਮੰਗ ਕਰਦੀ ਹੈ ਜਿਹੜੀ ਨਾਰੀ-ਵਿਰੋਧੀ ਹਨ।

ਇਤਿਹਾਸ ਪੜ੍ਹਨ ਸੁਣਨ ਤੋਂ ਬਾਅਦ ਸਾਡੇ ਦਿਲ ਦਿਮਾਗ ਵਿਚ 21ਵੀਂ ਸਦੀ ਭਾਵ ਆਧੁਨਿਕ ਸਮੇਂ ਵਿਚ ਔਰਤ ਦੀ ਸਥਿਤੀ ਕੀ ਹੈ? ਕੀ ਉਹ ਆਜ਼ਾਦ ਹੈ? ਉਸਦੀ ਅੱਜ ਦੀ ਦਸ਼ਾ ਕੀ ਹੈ? ਕੀ ਉਸਨੂੰ ਸਾਰੇ ਹੱਕ ਹਾਸਿਲ ਹਨ? ਕੀ ਉਸਦੀ ਲੜਾਈ ਖਤਮ ਹੋ ਗਈ ਹੈ? ਕੀ ਅੱਜ ਦੀ "ਪਾਵਰ ਵੂਮੈਨ" ਆਪਣੀ ਮੰਜ਼ਿਲ ਤੇ ਪੰਹੁਚ ਗਈ ਹੈ? ਇਹੋ ਜਿਹੇ ਸਵਾਲ ਖੜੇ ਹੁੰਦੇ ਹਨ।

ਅੱਜ ਜਦੋਂ ਅਸੀਂ ਸਰਸਰੀ ਨਜਰ ਮਾਰਦੇ ਹਾਂ ਤਾਂ ਦੇਖਣ ਵਿਚ ਲਗਦਾ ਹੈ ਕਿ ਔਰਤ ਆਜ਼ਾਦ ਹੋ ਗਈ ਹੈ। ਕੋਈ ਸ਼ੱਕ ਨਹੀਂ ਕਿ ਔਰਤ ਅੱਜ ਪੜ੍ਹਨ-ਲਿੱਖਣ, ਆਪਣੀ ਮਰਜ਼ੀ ਕੰਮ-ਕਾਜ ਕਰਨ ਲਈ ਆਜ਼ਾਦ ਹੈ, ਸਗੋਂ ਕਈ ਥਾਂਵਾਂ ਤਾਂ ਅਜਿਹੀਆਂ ਹਨ ਜਿਥੇ ਔਰਤਾਂ ਮਰਦਾਂ ਨਾਲੋਂ ਵੀ ਅੱਗੇ ਵੱਧ ਚੁਕਿਆਂ ਹਨ ਪਰ ਫਿਰ ਵੀ ਸਾਡੇ ਸਮਾਜ ਦੀ ਸੰਕੀਰਨ ਤੇ ਪੰਰਪਰਾਵਾਦੀ ਸੋਚ ਅਜੇ ਵੀ ਉਥੇ ਹੀ ਖੜੀ ਹੈ ਜਿਸਦਾ ਪ੍ਰਮਾਣ ਅੱਜ ਦੇ ਯੁਗ ਵਿਚ ਹੋ ਰਹੀਆਂ ਵਾਰਦਾਤਾਂ ਜਿਵੇਂ ਭਰੂਣ ਹੱਤਿਆ, ਬਲਾਤਕਾਰਾਂ ਦੀ ਵੱਧਦੀ ਗਿਣਤੀ, ਹਿੰਸਾਂ ਦੀਆਂ ਵੱਧ ਰਹੀਆਂ ਵਾਰਦਾਤਾਂ, ਵਿਆਹ ਵੇਲੇ ਖਰਚੇ ਦੀ ਬਹੁਤਾਤ, ਮੂੰਹ ਮੰਗੀਆਂ ਦਾਜ ਦੀਆਂ ਲਿਸਟਾਂ ਅਤੇ ਔਰਤ ਦੇ ਬਾਜ਼ਾਰੀਕਰਣ ਤੋਂ ਲਗਾਇਆ ਜਾ ਸਕਦਾ ਹੈ। ਉਹ ਔਰਤ ਦੀ ਤੱਰਕੀ ਨਹੀਂ ਸਗੋਂ ਸ਼ੋਸ਼ਣ ਦੀਆਂ ਮਿਸਾਲਾਂ ਹਨ। ਜਿਸ ਸਮਾਜ ਵਿਚ ਇਹ ਸਭ ਕੁਝ ਵਾਪਰ ਰਿਹਾ ਹੋਵੇ, ਉਸ ਸਮਾਜ ਨੂੰ ਆਜ਼ਾਦ ਸਮਾਜ ਜਾਂ ਉਸ ਵਿਚਲੀ ਔਰਤ ਨੂੰ ਆਜ਼ਾਦ ਔਰਤ ਕਿਵੇਂ ਕਿਹਾ ਜਾ ਸਕਦਾ ਹੈ।



Scanned with OKEN Scanner

ਅੱਜ ਆਜ਼ਾਦੀ ਦੇ ਨਾਂ ਤੇ ਔਰਤ ਦੋਹਰਾ ਸੰਤਾਪ ਭੋਗ ਰਹੀ ਹੈ। ਜੇਕਰ ਸਿਰਫ ਘਰ ਦੀ ਚਾਰਦਵਾਰੀ ਤੋਂ ਬਾਹਰ ਆ ਕੇ ਕੰਮ ਕਰਨ ਨੂੰ ਹੀ ਆਜ਼ਾਦੀ ਕਿਹਾ ਜਾਂਦਾ ਤਾਂ ਇਸ ਗੱਲ ਨੂੰ ਨਜ਼ਰ ਅੰਦਾਜ ਨਹੀਂ ਕੀਤਾ ਜਾ ਸਕਦਾ ਕਿ ਔਰਤ ਮੁੱਢ ਤੋਂ ਹੀ ਮਜਦੂਰੀ ਕਰਦੀਆਂ, ਖੇਤਾਂ ਵਿਚ ਸੜਕਾਂ ਤੇ ਰੋੜੀ ਕੁੱਟਦੀਆਂ, ਇਮਾਰਤਾਂ ਲਈ ਇੱਟਾਂ, ਗਾਰਾ ਢੋਂਹਦੀਆਂ ਦੇਖੀਆਂ ਗਈਆਂ ਹਨ। ਕੀ ਇਹ ਵੀ ਉਨ੍ਹਾਂ ਦੀ ਆਜ਼ਾਦੀ ਸੀ?

ਅੱਜ ਸਮਾਜ ਵਿਚ “ਦੇਹ ਵਿਉਪਾਰ” ਦਾ ਧੰਦਾ ਵੱਧਦਾ ਜਾ ਰਿਹਾ ਹੈ। ਉਸਨੂੰ “ਸੈਕਸ ਵਰਕਰ” ਦਾ ਨਾਂ ਦੇ ਕੇ ਵੇਸਵਾ ਨੂੰ ਸਨਮਾਨਜਨਕ ਢੰਗ ਨਾਲ ਰੋਜ਼ੀ ਕਮਾਉਣ, ਮਰਜ਼ੀ ਦੀ ਮਾਲਕ ਤੇ ਆਜ਼ਾਦ ਔਰਤ ਦੇ ਨਾਂ ਤੇ ਮੀਡੀਏ ਵੱਲੋਂ ਬਖ਼ੂਬੀ ਵੇਚਿਆ ਜਾ ਰਿਹਾ ਹੈ, ਜਿਸ ਵਿਚ ਛੋਟੀ ਉਮਰ ਦੀਆਂ ਨਾਬਾਲਗ ਬੱਚੀਆਂ ਨੂੰ ਜਬਰਨ ਝੋਕਿਆ ਜਾਂਦਾ ਹੈ, ਇਕ ਉਮਰ ਤੋਂ ਬਾਅਦ ਉਨ੍ਹਾਂ ਦੀ ਪੁੱਛ-ਗਿੱਛ ਖਤਮ ਹੋ ਜਾਂਦੀ ਹੈ ਤੇ ਉਹ ਕਈ ਤਰ੍ਹਾਂ ਦੀਆਂ ਸਰੀਰਕ ਤੇ ਮਾਨਸਿਕ ਬਿਮਾਰੀਆਂ ਦੀ ਸ਼ਿਕਾਰ ਹੋ ਜਾਂਦੀ ਹੈ ਅਤੇ ਅਖ਼ੀਰ ਉਹ ਔਰਤ ਜਿਸਨੂੰ ਆਜ਼ਾਦੀ ਦਾ ਝੂਠਾ ਝਾਂਸਾ ਦੇ ਕੇ ਇਸ ਕੰਮ ਵਿਚ ਪਾਇਆ ਜਾਂਦਾ ਹੈ, ਉਹ ਮੰਗਤੀਆਂ ਦੇ ਰੂਪ ਵਿਚ, ਨਸ਼ਿਆਂ ਨਾਲ ਗ੍ਰਸਤ ਗਲੀਆਂ- ਬਾਜ਼ਾਰਾਂ ਵਿਚ ਰੁਲਦੀਆਂ ਵੇਖੀਆਂ ਜਾਂਦੀਆਂ ਹਨ...ਕੀ ਆਜ਼ਾਦ ਔਰਤ ਦਾ ਇਹ ਸਰੂਪ ਹੈ ? ਇਕ ਰਿਪੋਰਟ ਅਨੁਸਾਰ ਅੱਜ ਭਾਰਤ ਵਿਸ਼ਵ ਵਿਚ ਤੀਜਾ ਸਭ ਤੋਂ ਵੱਡਾ “ਪੋਰਨੋਗ੍ਰਾਫ਼ੀ ਦਾ ਉਪਭੋਗਤਾ ਦੇਸ਼” ਬਣ ਚੁੱਕਾ ਹੈ।

ਅੱਜ ਵਿਸ਼ਵੀਕਰਨ ਦੇ ਦੌਰ ਵਿਚ ਜਿਥੇ ਔਰਤ ਨੂੰ ਹੇਠਲੇ ਦਰਜ਼ੇ ਦਾ ਮਜਦੂਰ ਬਣਾਇਆ ਹੈ ਉਥੇ ਨਾਲ ਹੀ ਇਕ ਮੰਡੀ ਦੀ ਜਿਨਸ /ਵਸਤੂ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਅਜਿਹੇ ਹਾਲਾਤਾਂ ਵਿਚ ਪ੍ਰਸਿੱਧ ਸ਼ਾਇਰ ਸਾਹਿਰ ਲੁਧਿਆਣਵੀ ਦਾ ਸ਼ੇਅਰ ਯਾਦ ਆਉਂਦਾ ਹੈ ਕਿ

“ਔਰਤ ਨੇ ਜਨਮ ਦਿਆ ਮਰਦੋਂ ਕੋ
ਮਰਦੋਂ ਨੇ ਉਸੇ ਬਾਜ਼ਾਰ ਦੀਆ।”

ਔਰਤ ਨਾਲ ਹੋਣ ਵਾਲੇ ਸ਼ੋਸ਼ਣ ਤੇ ਹਿੰਸਾ ਦਾ ਇਕ ਮੁੱਖ ਕਾਰਨ ਆਰਥਿਕਤਾ ਵੀ ਹੈ, ਕਿਉਂਕਿ ਕੰਮ ਵਰਗੀਆਂ ਥਾਂਵਾਂ ਤੇ ਵੀ ਮਰਦ ਨੂੰ ਪਹਿਲ ਦਿੱਤੀ ਜਾਂਦੀ ਹੈ ਤੇ ਔਰਤ ਨੂੰ ਦੁਜੈਲੇ ਸਥਾਨ ਤੇ ਰੱਖਿਆ ਜਾਂਦਾ ਹੈ ਤੇ ਇਥੋਂ ਤੱਕ ਹੀ ਨਹੀਂ ਜ਼ਿਆਦਾ ਤਨਖ਼ਾਹ(ਮਿਹਨਤਨਾਮਾ) ਦੀ ਲਾਲਚ ਅਤੇ ਜਲਦੀ ਤੱਰਕੀ ਦੇ ਭਰੋਸਿਆਂ ਦੇ ਨਾਂ ਤੇ ਉਸਦਾ ਕਈ ਤਰੀਕਿਆਂ ਨਾਲ ਸ਼ੋਸ਼ਣ ਵੀ ਕੀਤਾ ਜਾਂਦਾ ਹੈ, ਜਿਸਨੂੰ ਕਈ ਵਾਰ ਉਹ ਚੁੱਪ ਚਪੀਤੇ ਸਹਿਣ ਕਰਦੀ ਹੈ ਤਾਂ ਜੋ ਕਿ ਉਹ ਮਰਦ ਦੇ ਮੁਕਾਬਲੇ ਪੈਸੇ ਦੀ ਦੋੜ ਵਿਚ ਪਿੱਛੇ ਨਾ ਰਹਿ ਜਾਵੇ। ਕੰਮ ਦੇ ਨਾਂ ਤੇ ਇਹ ਅੰਦਰੋ-ਅੰਦਰੀ ਹੋ ਰਹੇਬਲਾਤਕਾਰ ਹੀ ਤਾਂ ਹਨ, ਜਿਸਦਾ ਢੰਗ ਬਦਲਿਆ ਹੋਇਆ ਹੈ।

ਅੱਜ ਦੀ ਔਰਤ ਨੂੰ “ਪਾਵਰ ਵੂਮੈਨ” ਕਹਿ ਕੇ ਨਿਵਾਜਿਆ ਜਾਂਦਾ ਹੈ ਕਿਉਂਕਿ ਉਹ ਬਾਹਰੀ ਕੰਮ ਤੋਂ ਬਾਅਦ ਵੀ ਆਪਣੇ ਘਰੇਲੂ ਕੰਮਾਂ, ਜ਼ਿੰਮੇਦਾਰੀਆਂ, ਬੱਚਿਆਂ ਦੀ ਦੇਖਭਾਲ, ਪੜ੍ਹਾਈ ਅਤੇ ਸਿਹਤ ਦਾ ਵੀ ਬਖ਼ੂਬੀ ਖਿਆਲ ਰੱਖਦੀ ਹੈ।

ਆਧੁਨਿਕ ਔਰਤਾਂ ਲਈ ਨਾਰੀਵਾਦ ਹੁਣ ਬੇਮਤਲਬ ਹੈ। ਲੰਡਨ ਦੇ ਬਰਤਾਨੀਆਂ ਸ਼ਹਿਰ ਵਿਚ ਕੀਤੇ ਇਕ ਸਰਵੇਖਣ ਅਨੁਸਾਰ ਪਤਾ ਲੱਗਦਾ ਹੈ ਕਿ ਆਧੁਨਿਕ ਔਰਤਾਂ ਬਹੁਤ ਥੋੜੀ



3(
Scanned with OKEN Scanner

ਗਿਣਤੀਵਿਚ ਆਪਣੇ ਆਪ ਨੂੰ 'ਨਾਰੀਵਾਦ' ਅਖਵਾਉਣਾ ਪੰਸਦ ਕਰਦੀਆਂ ਹਨ, ਉਨ੍ਹਾਂ ਮੁਤਾਬਿਕ ਰਵਾਇਤੀ ਨਾਰੀਵਾਦ ਇਕ ਕੱਟੜ ਰੂਪ ਧਾਰ ਚੁੱਕਾ ਹੈ ਜੋ ਮਰਦਾਂ ਲਈ ਲੋੜ ਤੋਂ ਜ਼ਿਆਦਾ ਸਖਤ ਅਤੇ ਰੁੱਖਾ ਹੈ। ਅੱਜ ਔਰਤਾਂ ਮਰਦਾਂ ਨੂੰ ਆਪਣਾ ਦੁਸ਼ਮਣ ਨਾ ਸਮਝਦੇ ਹੋਏ, ਔਰਤ ਮਰਦ ਦੀ ਲੜਾਈ 'ਚ ਵਿਸ਼ਵਾਸ ਨਾ ਕਰਦੇ ਹੋਏ ਅਜਿਹੇ ਸਮਾਜ ਨੂੰ ਮਹੱਤਵ ਦਿੰਦੀਆਂ ਹਨ ਜਿਥੇ ਔਰਤ ਅਤੇ ਮਰਦ ਦੋਵਾਂ ਲਈ ਵਿਕਾਸ ਦੇ ਬਰਾਬਰ ਮੌਕੇ ਹਨ ਕਿਉਂਕਿ ਚੰਗੀ, ਸੁਹਜਮਈ, ਭਰਭੂਰ ਅਤੇ ਸਿਰਜਣਾਤਮਕ ਜ਼ਿੰਦਗੀ ਸਹਿਯੋਗ ਦੀ ਜ਼ਿੰਦਗੀ ਹੁੰਦੀ ਹੈ, ਮੁਕਾਬਲੇਬਾਜੀ ਜਾਂ ਵਿਰੋਧ ਦੀ ਨਹੀਂ...।

ਅਗਰ ਲੋੜ ਹੈ ਤਾਂ ਇਸ ਗੱਲ ਦੀ ਕਿ ਉਹ ਆਪਣੇ ਹੱਕਾਂ ਅਤੇ ਫਰਜ਼ਾਂ ਪ੍ਰਤੀ ਸੁਚੇਤ ਹੋਣ ਅਤੇ ਅਸਿੱਧੇ ਢੰਗ ਨਾਲ ਹੋ ਰਹੇ ਸ਼ੋਸ਼ਣ ਨੂੰ ਰੋਕਣ। ਨਾ ਕਿ ਸਿਰਫ ਮਰਦ ਦੇ ਖਿਲਾਫ ਉਸ ਰਿਵਾਇਤੀ ਸੰਘਰਸ਼ ਨੂੰ ਜਾਰੀ ਰਖਣ, ਜੋ ਕਿ ਬੇ-ਬੁਨਿਆਦੀ ਹੈ ਕਿਉਂਕਿ ਜੇਕਰ ਪੁਰਾਤਨ ਇਤਿਹਾਸ ਤੋਂ ਸਾਨੂੰ ਔਰਤ ਦੀ ਮਰਦ ਪ੍ਰਤੀ ਅਧੀਨਗੀ ਦਾ ਪਤਾ ਲਗਦਾ ਹੈ, ਤਾਂ ਨਾਰੀਵਾਦ ਜਿਹੇ ਅੰਦੋਲਨ ਨੂੰ ਸਰਗਰਮ ਕਰਨ ਵਿਚ ਮਰਦਾਂ ਦੇ ਦਿੱਤੇ ਸਹਿਯੋਗ ਅਤੇ ਯੋਗਦਾਨ ਦੇ ਵੀ ਸਬੂਤ ਮਿਲਦੇ ਹਨ ਅਤੇ ਨਾਲ ਹੀ ਆਧੁਨਿਕ ਦੌਰ ਵਿਚ ਪ੍ਰਚਲਿੱਤ ਹਾਸਯ-ਵਿਅੰਗ ਤੇ ਚੁੱਟਕਲਿਆਂਤੋਂ ਮਰਦ ਦੁਆਰਾ ਔਰਤ ਦੀ ਅਧੀਨਗੀ ਦੇ ਵੀ ਪ੍ਰਮਾਣ ਮਿਲਦੇ ਹਨ।

ਸੋ ਇਸ ਗੱਲਤੋਂਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਔਰਤ ਅਤੇ ਮਰਦ ਦੋਵੇਂ ਹੀ ਇਕ ਦੂਜੇ ਬਿਨ੍ਹਾਂ ਅਧੂਰੇ ਹਨ ਅਤੇ ਦੋਵਾਂ ਨੂੰ ਕਦਮ ਨਾਲ ਕਦਮ ਮਿਲਾ ਕੇ ਇਸ ਸਮਾਜ ਵਿਚ ਫ਼ੈਲੀਆਂ ਕੁਰੀਤੀਆਂ ਨੂੰ ਦੂਰ ਕਰਨਾ ਪਵੇਗਾ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਸਾਰੇ ਲੋਕਾਂ ਦਾ ਰਹਿਣ- ਸਹਿਣ ਬਰਾਬਰ ਹੋਵੇ, ਅਮੀਰ-ਗਰੀਬ ਵਰਗੇ ਸ਼ਬਦ ਨਾ ਹੋਣ, ਬਰਾਬਰਤਾ ਦਾ ਸੰਕਲਪ ਹੋਵੇ, ਤਾਂ ਹੀ ਔਰਤ ਦੀ ਆਜ਼ਾਦੀ ਸੰਭਵ ਹੈ।

ਅਖ਼ੀਰ ਕੁਝ ਸਤਰਾਂ ਔਰਤ ਦੇ ਵਜ਼ੂਦ ਲਈ ਕਿ:-

"ਮਨੁੱਖੀ ਜਾਤ ਲਈ
ਔਰਤ ਹੋਣਾ ਕੋਈ ਘੱਟ ਮਾਣ ਨਹੀਂ,
ਸਿਰਜਣ ਸ਼ਕਤੀ ਹੈ ਓਹ
ਕੋਈ ਵਰਤਣ ਦਾ ਸਮਾਨ ਨਹੀਂ।"

## ਸਹਾਇਕ ਪੁਸਤਕ ਸੂਚੀ


1. ਔਰਤ ਦਾ ਆਜ਼ਾਦੀ ਸੰਗਰਾਮ — ਡਾ. ਸੰਦੀਪ ਕੌਰ ਨਿਰਵੈਰ ਸਿੰਘ (2016)
2. ਨਾਰੀਵਾਦ ਤੇ ਸਾਹਿਤ — ਡਾ. ਵਨੀਤਾ (2000)
3. 'ਸੀਮੋਨ ਦ ਬੋਅਵਾਰ' ਦੀ ਔਰਤਾਂ ਬਾਰੇ ਸੰਸਾਰ ਪ੍ਰਸਿੱਧ ਫਰੈਂਚ ਕਿਤਾਬ 'ਦ ਸੈਕੰਡ ਸੈਕਸ' — ਸੰਪਾਦਕ ਅਤੇ ਅਨੁਵਾਦ ਜਸਵੀਰ ਕੌਰ (2014)
   ਅੰਮ੍ਰਿਤਾ ਪ੍ਰੀਤਮ (2009)
4. ਔਰਤ ਇਕ ਦ੍ਰਿਸ਼ਟੀਕੋਣ




Scanned with OKEN Scanner

5. ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ ਤੇ ਅਜੀਤ ਕੌਰ ਦੀ ਕਥਾ ਦ੍ਰਿਸ਼ਟੀ (ਔਰਤ-ਮਰਦ ਸੰਬੰਧਾਂ ਦੇ ਆਧਾਰ 'ਤੇ) — ਡਾ. ਹਰਦੀਪ ਕੌਰ

ਮੈਗਜ਼ੀਨ /ਖੋਜ ਪਤ੍ਰਿਕਾ
ਸ਼ੀਰਾਜ਼ਾ, ਜੇ.ਐਂਡ ਕੇ. ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ
(ਨੰਵਬਰ 2008 ਫਰਵਰੀ 2009) (ਨਾਰੀ ਵਿਸ਼ੇਸ਼ ਅੰਕ)


❉



Scanned with OKEN Scanner

Regd. No. 28873/76
ISSN 2319-5053
UGC Approved

May - June 2020



Published by the Secretary on behalf of
J&K Academy of Art, Culture and Languages, Jammu
and Printed at C... , Bari Brahamana, Jammu

Scanned with OKEN Scanner